**ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਦੀ ਭਾਰਤ ਯਾਤਰਾ**

18 ਜਨਵਰੀ, 2026

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਸੱਦੇ 'ਤੇ, ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਮਹਾਮਹਿਮ ਸ਼ੇਖ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ, 19 ਜਨਵਰੀ 2026, ਨੂੰ ਭਾਰਤ ਦੀ ਅਧਿਕਾਰਕ ਯਾਤਰਾ 'ਤੇ ਆਉਣਗੇ. ਯੂਏਈ ਦੇ ਰਾਸ਼ਟਰਪਤੀ ਦੇ ਰੂਪ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਇਹ ਉਨ੍ਹਾਂ ਦੀ ਭਾਰਤ ਦੀ ਤੀਜੀ ਅਧਿਕਾਰਕ ਯਾਤਰਾ ਹੋਵੇਗੀ, ਅਤੇ ਪਿਛਲੇ ਦਹਾਕੇ ਵਿੱਚ ਉਨ੍ਹਾਂ ਦੀ ਇਹ ਭਾਰਤ ਦੀ ਪੰਜਵੀਂ ਯਾਤਰਾ ਹੋਵੇਗੀ। ਇਹ ਯਾਤਰਾ ਸਤੰਬਰ 2024 ਵਿੱਚ ਅਬੂ ਧਾਬੀ ਦੇ ਕ੍ਰਾਊਨ ਪ੍ਰਿੰਸ ਸ਼ੇਖ ਖਾਲਿਦ ਬਿਨ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਦੀ ਯਾਤਰਾ ਅਤੇ ਅਪ੍ਰੈਲ 2025 ਵਿੱਚ ਯੂਏਈ ਦੇ ਉਪ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਅਤੇ ਦੁਬਈ ਦੇ ਕ੍ਰਾਊਨ ਪ੍ਰਿੰਸ ਦੀ ਯਾਤਰਾ ਸਮੇਤ ਹਾਲ ਹੀ ਦੇ ਉੱਚ-ਪੱਧਰੀ ਵਟਾਂਦਰਿਆਂ ਨਾਲ ਮਿਲੀ ਮਜ਼ਬੂਤ ਗਤੀ 'ਤੇ ਬਣੀ ਹੈ.

2. ਭਾਰਤ ਅਤੇ ਯੂਏਈ ਮਜ਼ਬੂਤ ਰਾਜਨੀਤਿਕ, ਸੱਭਿਆਚਾਰਕ ਅਤੇ ਆਰਥਿਕ ਸੰਬੰਧਾਂ 'ਤੇ ਆਧਾਰਿਤ ਗਰਮਜੋਸ਼ੀ ਭਰੇ, ਗੂੜ੍ਹੇ ਅਤੇ ਬਹੁ-ਪਾਸੜ ਵਾਲੇ ਸੰਬੰਧ ਸਾਂਝੇ ਕਰਦੇ ਹਨ। ਦੋਵੇਂ ਦੇਸ਼ ਇੱਕ-ਦੂਜੇ ਦੇ ਪ੍ਰਮੁੱਖ ਵਪਾਰ ਅਤੇ ਨਿਵੇਸ਼ ਸਾਂਝੇਦਾਰਾਂ ਵਿੱਚੋਂ ਇੱਕ ਹਨ, ਇਸ ਸਾਂਝੇਦਾਰੀ ਵਿੱਚ ਵਿਆਪਕ ਆਰਥਿਕ ਸਾਂਝੇਦਾਰੀ ਸਮਝੌਤੇ (ਸੀਈਪੀਏ), ਸਥਾਨਕ ਮੁਦਰਾ ਨਿਪਟਾਰਾ (ਐਲਸੀਐਸ) ਪ੍ਰਣਾਲੀ ਅਤੇ ਦੁਵੱਲੀ ਨਿਵੇਸ਼ ਸੰਧੀ ਨਾਲ ਮਜ਼ਬੂਤੀ ਆਈ ਹੈ। ਭਾਰਤ ਅਤੇ ਯੂਏਈ ਲੰਮੇ ਸਮੇਂ ਦੀ ਊਰਜਾ ਸਪਲਾਈ ਦੇ ਪ੍ਰਬੰਧਾਂ ਸਮੇਤ ਇੱਕ ਮਜ਼ਬੂਤ ਊਰਜਾ ਸਾਂਝੇਦਾਰੀ ਦਾ ਆਨੰਦ ਵੀ ਮਾਣਦੇ ਹਨ।

3. ਇਹ ਯਾਤਰਾ ਦੋਵੇਂ ਲੀਡਰਾਂ ਨੂੰ ਭਾਰਤ-ਯੂਏਈ ਵਿਆਪਕ ਰਣਨੀਤਿਕ ਸਾਂਝੇਦਾਰੀ ਲਈ ਨਵੇਂ ਮੋਰਚੇ ਤਿਆਰ ਕਰਨ ਦਾ ਮੌਕਾ ਪ੍ਰਦਾਨ ਕਰੇਗੀ। ਇਹ ਆਪਸੀ ਹਿੱਤਾਂ ਦੇ ਖੇਤਰੀ ਅਤੇ ਗਲੋਬਲ ਮੁੱਦਿਆਂ 'ਤੇ ਵਿਚਾਰਾਂ ਦੇ ਅਦਾਨ-ਪ੍ਰਦਾਨ ਨੂੰ ਵੀ ਸਮਰੱਥ ਬਣਾਏਗੀ, ਜਿੱਥੇ ਭਾਰਤ ਅਤੇ ਯੂਏਈ ਉੱਚ ਪੱਧਰ ਦੀ ਇਕਸਾਰਤਾ ਨੂੰ ਸਾਂਝਾ ਕਰਦੇ ਹਨ।

ਨਵੀਂ ਦਿੱਲੀ

18 ਜਨਵਰੀ, 2026